## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ
## ਜਮਾਤ-ਗਿਆਰ੍ਹਵੀਂ
## ਪੰਜਾਬੀ ਚੋਣਵੀਂ
## ਵਿੱਦਿਅਕ ਵਰ੍ਹਾ: 2020-2021
## ਪੇਪਰ ਸੈਂਟਰ ਲਈ ਵਿਸ਼ੇਸ਼ ਹਿਦਾਇਤਾਂ

ਸਮਾਂ: 3 ਘੰਟੇ | ਲਿਖਤੀ ਅੰਕ= 80,ਆਂਤਰਿਕ ਮੁਲਾਂਕਣ=20
ਕੁੱਲ ਅੰਕ= 100

ਨੋਟ: **5 ਅੰਕ ਸੁੰਦਰ ਲਿਖਾਈ** ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।

(1) ਪ੍ਰਸ਼ਨ-ਪੱਤਰ ਦੇ ਕੁੱਲ 8 ਪ੍ਰਸ਼ਨ ਹਨ।
(2) ਸਾਰੇ ਪ੍ਰਸ਼ਨ ਜ਼ਰੂਰੀ ਹਨ।
(3) ਭਾਗ (ੳ), (ਅ), (ੲ) ਅਤੇ (ਸ) ਵਸਤੂਨਿਸ਼ਠ ਪ੍ਰਸ਼ਨਾਂ ਦੇ ਹਨ।ਹਰੇਕ ਪ੍ਰਸ਼ਨ ਦੇ 2 ਅੰਕ ਹਨ।

ਪ੍ਰਸ਼ਨ 1. ਇਸ ਵਿੱਚ ਹੇਠ ਲਿਖੇ ਭਾਗਾਂ ਅਨੁਸਾਰ 20 ਵਸਤੂਨਿਸ਼ਠ ਪ੍ਰਸ਼ਨ ਹੋਣਗੇ, ਜੋ ਨਿਰਧਾਰਿਤ ਪਾਠ-ਪੁਸਤਕਾਂ ਵਿੱਚੋਂ ਲਗਪਗ ਬਰਾਬਰ ਅਨੁਪਾਤ ਵਿੱਚ ਪਾਏ ਜਾਣਗੇ:

| | |
|---|---|
| ਭਾਗ(ੳ): ਇੱਕ ਜਾਂ ਦੋ ਸ਼ਬਦਾਂ ਵਾਲੇ ਪ੍ਰਸ਼ਨ। | 5*2=10 |
| ਭਾਗ(ਅ): ਬਹੁ-ਚੋਣਵੇਂ ਪ੍ਰਸ਼ਨ। | 5*2=10 |
| ਭਾਗ(ੲ): ਸਹੀ/ਗ਼ਲਤ ਕਥਨ।ਇਹ ਦੱਸਣਾ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ। | 5*2=10 |
| ਭਾਗ(ਸ): ਬਰੈਕਟ ਵਿੱਚ ਦਿੱਤੇ ਗਏ ਉੱਤਰਾਂ ਵਿੱਚੋਂ ਸਹੀ ਉੱਤਰ ਚੁਣ ਕੇ ਖ਼ਾਲੀ ਥਾਵਾਂ ਭਰਨੀਆਂ। | 5*2=10 |

**20x2=40**

**ਪ੍ਰਸ਼ਨ ਨੰ:2** ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ ਆਧੁਨਿਕ-ਕਾਵਿ ਵਿੱਚੋਂ ਦੋ ਬੰਦ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ।
(ਹਰੇਕ ਵਿੱਚ 2 ਅੰਕ ਪ੍ਰਸੰਗ ਦੇ ਅਤੇ 3 ਅੰਕ ਵਿਆਖਿਆ ਦੇ ਹੋਣਗੇ) **2+3=5 ਅੰਕ**

**ਪ੍ਰਸ਼ਨ ਨੰ:3** ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਵਿੱਚੋਂ ਕੋਈ ਤਿੰਨ ਰਚਨਾਵਾਂ ਦਾ ਸਿਰਲੇਖ ਅਤੇ ਕਵੀ ਦਾ ਨਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। **3 ਅੰਕ**

**ਪ੍ਰਸ਼ਨ ਨੰ: 4** 'ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ "ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ ਭਾਗ ਵਿੱਚੋਂ ਕੋਈ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। **5 ਅੰਕ**

**ਪ੍ਰਸ਼ਨ ਨੰ: 5** ਅੱਖੀਂ ਡਿੱਠੀ ਦੁਨੀਆਂ ਪਾਠ-ਪੁਸਤਕ ਵਿੱਚੋਂ ਛੋਟੇ ਉੱਤਰਾਂ ਵਾਲੇ ਚਾਰ ਪ੍ਰਸ਼ਨ ਪੁੱਛ ਕੇ ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। **4+4=8 ਅੰਕ**

**ਪ੍ਰਸ਼ਨ ਨੰ: 6** ਅੱਖੀਂ ਡਿੱਠੀ ਦੁਨੀਆਂ ਪਾਠ-ਪੁਸਤਕ ਵਿੱਚੋਂ ਤਿੰਨ ਸਫ਼ਰਨਾਮਾ-ਅੰਸ਼ ਦੇ ਕੇ ਕਿਸੇ ਇੱਕ ਦਾ ਸਾਰ ਲਿਖਣ ਲਈ ਕਿਹਾ ਜਾਵੇਗਾ। **5 ਅੰਕ**

**ਪ੍ਰਸ਼ਨ ਨੰ: 7** 'ਭਾਸ਼ਾ-ਬੋਧ' ਪਾਠ-ਪੁਸਤਕ 'ਤੇ ਆਧਾਰਿਤ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨਾਲ ਸੰਬੰਧਿਤ ਚਾਰ ਪ੍ਰਸ਼ਨ ਪੁੱਛ ਕੇ ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।
**3+3=6 ਅੰਕ**

**ਪ੍ਰਸ਼ਨ ਨੰ: 8** 'ਭਾਸ਼ਾ-ਬੋਧ ਪਾਠ-ਪੁਸਤਕ ਵਿੱਚ ਦਿੱਤੀਆਂ ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ 'ਤੇ ਆਧਾਰਿਤ ਹੇਠ ਲਿਖੇ ਤਿੰਨ ਭਾਗਾਂ ਅਨੁਸਾਰ ਪ੍ਰਸ਼ਨ ਪੁੱਛੇ ਜਾਣਗੇ ।ਇਹਨਾਂ ਵਿੱਚੋਂ ਕਿਸੇ ਇੱਕ ਭਾਗ ਦਾ ਹੀ ਉੱਤਰ ਦੇਣਾ ਹੋਵੇਗਾ।

(ੳ) ਉਪਭਾਸ਼ਾਈ ਅੱਠ ਸ਼ਬਦ ਦੇ ਕੇ ਉਹਨਾਂ ਵਿੱਚੋਂ ਕਿਸੇ ਪੰਜ ਦਾ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ ਕਰਨ ਲਈ ਕਿਹਾ ਜਾਵੇਗਾ।

(ਅ) ਟਕਸਾਲੀ ਪੰਜਾਬੀ ਦੇ ਅੱਠ ਸ਼ਬਦ ਦੇ ਕੇ ਕਿਸੇ ਪੰਜ ਦਾ ਉਪਭਾਸ਼ਾ ਵਿੱਚ ਮਿਲਦਾ ਰੂਪ ਪੁੱਛਿਆ ਜਾਵੇਗਾ।

(ੲ) ਕੋਈ ਦੋ ਉਪ-ਭਾਸ਼ਾਈ ਰੂਪ ਦੇ ਕੇ ਕਿਸੇ ਇੱਕ ਉਪ-ਭਾਸ਼ਾ 'ਤੇ ਉਦਾਹਰਨਾ ਸਹਿਤ ਸੰਖੇਪ ਨੋਟ ਲਿਖਣ ਲਈ ਕਿਹਾ ਜਾਵੇਗਾ।

**3 ਅੰਕ**